ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ , ਮੋਹਾਲੀ
ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ
ਫੋਨ ਨੰ. 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ)

ਸਮੂਹ ਪ੍ਰਿੰਸੀਪਲ ਡਾਇਟ

ਸਮੂਹ ਸਕੂਲ ਮੁਖੀ (ਵੈੱਬ ਸਾਇਟ ਰਾਹੀਂ )

ਸਮੂਹ ਪੰਜਾਬੀ ਪੜ੍ਹਾਉਂਦੇ ਅਧਿਆਪਕ (ਵੈੱਬ ਸਇਟ ਰਾਹੀਂ)

ਮੀਮੋ ਨੰ: SCERT, QP/UP/2018/7334

ਮਿਤੀ: 15-11-18

**ਵਿਸ਼ਾ: ਮੌਲਿਕ ਲਿਖਤ ਅਤੇ ਬੋਲ ਲਿਖਤ ਮੁਕਾਬਲਾ ਕਰਵਾਉਣ ਸੰਬੰਧੀ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਂਦੀ ਹੈ।

2.0 ਜਿਵੇਂ ਆਪਜੀ ਨੂੰ ਪਤਾ ਹੀ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿੱਚ 'ਪੜ੍ਹੋ ਪੰਜਾਬ ,ਪੜ੍ਹਾਓ ਪੰਜਾਬ' ਪ੍ਰੋਗਰਾਮ ਤਹਿਤ ਪੰਜਾਬੀ ਦਾ ਗੁਣਾਤਮਕ ਸੁਧਾਰ ਪ੍ਰੋਗਰਾਮ ਚੱਲ ਰਿਹਾ ਹੈ ਜਿਸ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਬੋਲਣ,ਲਿਖਣ ਪੜ੍ਹਨ ਅਤੇ ਸਮਝਣ ਲਈ ਪਰਪੱਕ ਕਰਨਾ ਹੈ ।ਇਸ ਪ੍ਰੋਗਰਾਮ ਤਹਿਤ ਰਾਜ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਛੇਵੀਂ ਤੋਂ ਦਸਵੀਂ ਤੱਕ ਦੇ ਸਾਰੇ ਵਿਦਿਆਰਥੀਆਂ ਦਾ ਸਕੂਲ ਪੱਧਰ ਦੇ **ਮੌਲਿਕ ਲਿਖਤ** ਦਾ ਮੁਕਾਬਲਾ ਮਿਤੀ 30/11/18 ਨੂੰ ਦੋ ਆਖਰੀ ਪੀਰੀਅਡ ਜਾਂ ਬਾਲ ਸਭਾ ਵਾਲੇ ਦਿਨ ਕਰਵਾਇਆ ਜਾ ਰਿਹਾ ਹੈ।**ਬੋਲ ਲਿਖਤ (Dictation)** ਮੁਕਾਬਲਾ ਛੇਵੀਂ ਤੋਂ ਅੱਠਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ ਵਿਭਾਗ ਵੱਲੋਂ ਜਾਰੀ 1500 ਸ਼ਬਦਾਂ ਦੇ ਸ਼ਬਦ ਕੋਸ਼ ਵਿੱਚੋਂ ਮਿਤੀ: 21/12/2018 ਨੂੰ ਆਖਰੀ ਦੋ ਪੀਰੀਅਡਾਂ ਵਿੱਚ ਕਰਵਾਇਆ ਜਾ ਰਿਹਾ ਹੈ।

3.0 **ਮੌਲਿਕ ਲਿਖਤ** ਦੇ ਮੁਕਾਬਲੇ ਕਰਵਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਵਿੱਚ ਸਿਰਜਨਾਤਮਕ ਗੁਣ ਲੱਛਣ ਪੈਦਾ ਕਰਨਾ ਹੈ ।ਮੌਲਿਕ ਲਿਖਤ ਵਿੱਚ ਸਮੂਹਿਕ ਅਤੇ ਵਿਅਕਤੀਗਤ,ਲੌਕਿਕ ਅਤੇ ਪਰਾਲੌਕਿਕ ਵਿਸ਼ੇ ਪੇਸ਼ ਹੁੰਦੇ ਹਨ ਜਿਸਦਾ ਸੰਬੰਧ ਸਮਾਜਿਕ ਸੱਭਿਆਚਾਰ ਪ੍ਰਸਥਿਤੀਆਂ ਨਾਲ ਹੁੰਦਾ ਹੈ । ਮੌਲਿਕ ਲਿਖਤ ਹੀ ਲੇਖਕ/ਸਾਹਿਤਕਾਰ ਦੀ ਅੰਤਰ-ਦ੍ਰਿਸ਼ਟੀ ਦੀ ਪਛਾਣ ਹੈ ਅਤੇ ਹੋਂਦਮੂਲਕ ਸਥਿਤੀ ਦਾ ਕੀਮਤ ਪ੍ਰਬੰਧ ਵੀ ਨਿਸ਼ਚਿਤ ਕਰਦੀ ਹੈ।ਸਿੱਟੇ ਵਜੋਂ ਪਾਠਕ/ਵਿਦਿਆਰਥੀ ਮੌਲਿਕ ਲਿਖਤ ਦੁਆਰਾ ਆਪਣੇ ਸਿਰਜਾਨਤਮਕ ਅਮਲ ਵਿੱਚ ਪਰਪੱਕ ਹੋ ਸਕਦਾ ਹੈ ਅਤੇ ਵਿਸ਼ੇ ਦੀ ਪੇਸ਼ਕਾਰੀ ਵਧੀਆ ਢੰਗ ਨਾਲ ਕਰ ਸਕਦਾ ਹੈ ।ਮੌਲਿਕ

ਲਿਖਤ ਦੁਆਰਾ ਵਿਦਿਆਰਥੀ ਆਪਣਾ ਵਿਅਕਤੀਗਤ ਅਰਥ ਪ੍ਰਬੰਧ ਸਿਰਜ ਆਪਣੀ ਸਮਾਜਿਕ ਭੂਮਿਕਾ ਨਿਸ਼ਚਿਤ ਕਰਦਾ ਹੈ ਅਤੇ ਰਚਨਾ ਵਿਦਿਆਰਥੀ ਦੇ ਆਪੇ ਨੂੰ ਸੁਆਰਦੀ ,ਸਾਂਭਦੀ ਅਤੇ ਸਥਿਰ ਰੂਪ ਵਿੱਚ ਮੁੱਲਵਾਨ ਬਣਾਉਂਦੀ ਹੈ ਜਿਸ ਨਾਲ :

1) ਵਿਦਿਆਰਥੀਆਂ ਵਿੱਚ ਸਿਰਜਨਾਤਮਕ ਰੁਚੀਆਂ ਪੈਦਾ ਹੁੰਦੀਆਂ ਹਨ ।
2) ਵਿਦਿਆਰਥੀਆਂ ਵਿੱਚ ਸਾਹਿਤਕ ਰੁਝਾਨ ਪੈਦਾ ਹੂੰਦੇ ਹਨ ।
3) ਵਿਦਿਆਰਥੀ ਦੀ ਸਖਸ਼ੀਅਤ ਦੀ ਪਛਾਣ ਲਈ ਸਹਾਈ ।
4) ਵਿਦਿਆਰਥੀਆਂ ਦੇ ਸਵੈ-ਪ੍ਰਗਟਾਵੇ ਲਈ ਅਹਿਮ ।
5) ਵਿਦਿਆਰਥੀਆਂ ਦੇ ਕਾਲਪਨਿਕ ਅਵਚੇਤਨੀ ਪੈਟਰਨ ਦਾ ਵਿਕਾਸ ।
6) ਸ਼ਬਦਾਂ ਦੇ ਬਹੁ-ਪਾਸਾਰੀ ਅਤੇ ਬਹੁ-ਪੱਧਰੀ ਅਰਥ ਪ੍ਰਬੰਧ ਦੀ ਜਾਣਕਾਰੀ ਹੁੰਦੀ ਹੈ ।

**4.0 ਮੌਲਿਕ ਲਿਖਤ ਮੁਕਾਬਲਾ ਕਰਵਾਉਣ ਲਈ ਜਰੂਰੀ ਹਦਾਇਤਾਂ :-**

1) ਮੌਲਿਕ ਲਿਖਤ ਲਈ ਪੱਤਰ ਨਾਲ ਜਾਰੀ ਕੀਤੇ ਹੋਏ ਵਿਸ਼ਿਆਂ ਵਿੱਚੋਂ ਕੋਈ ਤਿੰਨ ਵਿਸ਼ੇ ਚੁਣ ਕੇ ਵਿਦਿਆਰਥੀਆਂ ਨੂੰ ਮੌਕੇ 'ਤੇ ਇਹਨਾਂ ਤਿੰਨਾਂ ਵਿਸ਼ਿਆਂ ਵਿੱਚੋਂ ਕਿਸੇ ਇੱਕ ਤੇ ਮੌਲਿਕ ਲਿਖਤ ਲਿਖਣੀ ਹੋਵੇਗੀ।
2) ਮੌਲਿਕ ਲਿਖਤ ਵਿਦਿਆਰਥੀ ਦੀ ਸਿਰਜਨਾਤਮਕ ਕਲਪਨਾ ਮੁਤਾਬਿਕ ਕਵਿਤਾ, ਕਹਾਣੀ, ਵਾਰਤਕ, ਸੰਵਾਦ, ਯਾਤਰਾ ਆਦਿ ਸਾਹਿਤ ਦੀ ਕੋਈ ਵੀ ਵਿਧਾ ਹੋ ਸਕਦੀ ਹੈ।
3) ਮੌਲਿਕ ਲਿਖਤ ਲਈ 1 ਘੰਟੇ ਦਾ ਸਮਾਂ ਦਿੱਤਾ ਜਾਵੇ।
4) ਵਿਦਿਆਰਥੀ ਪੈੱਨ, ਕਾਗਜ਼, ਗੱਤਾ ਆਦਿ ਸਮੱਗਰੀ ਆਪਣੇ ਨਾਲ ਲੈ ਕੇ ਆਉਣਗੇ।
5) ਮੌਲਿਕ-ਲਿਖਤ ਸਾਹਿਤ ਦੇ ਕਿਸੇ ਵੀ ਰੂਪ ਵਿੱਚ ਹੋ ਸਕਦੀ ਹੈ ਜਿਵੇਂ ਕਵਿਤਾ, ਕਹਾਣੀ, ਸੰਵਾਦ, ਯਾਤਰਾ, ਲੇਖ ਆਦਿ।
6) ਲਿਖਤ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ/ਉਰਦੂ ਕੋਈ ਵੀ ਹੋ ਸਕਦਾ ਹੈ।
7) ਹਰ ਪੱਧਰ 'ਤੇ ਪ੍ਰਾਪਤ ਲਿਖਤਾਂ ਸਕੂਲ ਦੀ ਮਲਕੀਅਤ ਹੋਣਗੀਆਂ ਅਤੇ ਲੋੜ ਅਨੁਸਾਰ ਇਹਨਾਂ ਲਿਖਤਾਂ ਨੂੰ ਸਕੂਲ ਮੁੱਖੀ ਆਪਣੇ ਸਕੂਲ ਮੈਗਜ਼ੀਨਾਂ ਵਿੱਚ ਛਾਪ ਸਕਦਾ ਹੈ।
8) ਵਿਦਿਆਰਥੀ ਦੇ ਮੌਲਿਕ ਲਿਖਤ ਅਤੇ ਬੋਲ ਲਿਖਤ ਮੁਕਾਬਲੇ ਦਾ ਮੁਲਾਂਕਣ ਪੰਜਾਬੀ ਅਧਿਆਪਕ ਦੀ ਦੇਖ-ਰੇਖ ਵਿੱਚ ਬਾਕੀ ਭਾਸ਼ਾਵਾਂ ਦੇ ਅਧਿਆਪਕਾਂ ਦੀ ਮਦਦ ਨਾਲ ਕੀਤਾ ਜਾਵੇ।

**5.0 ਬੋਲ ਲਿਖਤ ਮੁਕਾਬਲਾ ਕਰਵਾਉਣ ਲਈ ਜਰੂਰੀ ਹਦਾਇਤਾਂ :-**

1) ਇਸੇ ਤਰ੍ਹਾਂ ਬੋਲ ਲਿਖਤ, ਪੰਜਾਬੀ ਪੜ੍ਹਾਉਣ ਵਾਲੇ ਅਧਿਆਪਕ ਆਪਣੀਆਂ ਜਮਾਤਾਂ ਵਿੱਚ ਟ੍ਰੇਨਿੰਗ ਮਡਿਊਲ ਵਿੱਚ 1500 ਸ਼ਬਦਾਂ ਦੇ ਭੰਡਾਰ ਜੋ ਕਿ ਉਹਨਾਂ ਦੀ ਪਾਠ-ਪੁਸਤਕ ਤੋਂ ਹੀ ਲਏ ਗਏ ਹਨ ਵਿੱਚੋਂ ਕਰਵਾ ਸਕਦੇ ਹਨ। ਇਸ ਲਈ ਘੱਟੋ-ਘੱਟ 30 ਸ਼ਬਦਾਂ ਦੀ ਚੋਣ ਕੀਤੀ ਜਾਵੇ।

6.0 ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਸਾਰੇ ਸਕੂਲਾਂ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਦੇ ਸਾਰੇ ਵਿਦਿਆਰਥੀ ਬੋਲ ਲਿਖਤ ਮੁਕਾਬਲੇ ਵਿੱਚ ਅਤੇ ਛੇਵੀਂ ਤੋਂ ਦੱਸਵੀਂ ਜਮਾਤ ਦੇ ਸਾਰੇ ਵਿਦਿਆਰਥੀ ਮੌਲਿਕ ਲਿਖਤ ਮੁਕਾਬਲੇ ਵਿੱਚ ਭਾਗ ਲੈਣ। ਇਹਨਾਂ ਮੁਕਾਬਲਿਆਂ ਦੇ ਆਧਾਰ ਤੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ SA-2 ਮੁਲਾਂਕਣ ਵੇਲੇ ਅੰਕ ਦਿੱਤੇ ਜਾਣ।

7.0 ਦੋਵੇਂ ਮੁਕਾਬਲਿਆਂ ਵਿੱਚੋਂ ਹਰੇਕ ਜਮਾਤ ਵਿੱਚੋਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਮੁਖੀ ਦੁਆਰਾ ਪ੍ਰੋਸਾਹਿਤ ਕੀਤਾ ਜਾਵੇ ਅਤੇ ਜੇਤੂ ਵਿਦਿਆਰਥੀਆਂ ਦੀ ਮੌਲਿਕ ਲਿਖਤ ਦਾ ਨਮੂਨਾ ਸੂਚਨਾ ਬੋਰਡ ਤੇ ਪ੍ਰਦਰਸ਼ਿਤ ਕੀਤਾ ਜਾਵੇ ਅਤੇ ਦੋਵੇਂ ਮੁਕਾਬਲਿਆਂ ਵਿੱਚੋਂ ਹਰੇਕ ਜਮਾਤ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਮ ਬਲਾਕ ਪੱਧਰ ਤੇ ਹੋਣ ਵਾਲੇ ਮੁਕਾਬਲਿਆਂ ਲਈ ਸਬੰਧਿਤ ਬੀ.ਐੱਮ(ਗਣਿਤ) ਨੂੰ ਨੋਟ ਕਰਵਾਏ ਜਾਣ।

ਉਮੀਦ ਨਾਲ

~~ਨੱਥੀ:- ਮੌਲਿਕ ਲਿਖਤਾਂ ਲਈ ਨਿਰਧਾਰਿਤ ਵਿਸ਼ੇ~~

ਡਾਇਰੈਕਟਰ ਐੱਸ.ਸੀ.ਈ.ਆਰ.ਟੀ,
ਪੰਜਾਬ।